ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ,
ਐਸ.ਏ.ਐਸ ਨਗਰ।

ਸੇਵਾ ਵਿਖੇ,

ਡਿਪਟੀ ਕਮਿਸ਼ਨਰ
ਐਸ.ਏ.ਐਸ. ਨਗਰ।

ਮੀਮੋ ਨੰ:
ਮਿਤੀ:

ਵਿਸ਼ਾ: ਮਾਸਟਰ ਪਲਾਨ ਵੀ.ਆਰ. 3 ਸੜਕ ਦਾ ਸਮਾਜਕ ਮੁਲਾਂਕਣ ਦੀ ਰਿਪੋਰਟ ਤੇ ਐਕਸਪਰਟ ਗਰੁੱਪ ਪਾਸੋਂ ਪੜਤਾਲ ਕੀਤੀ ਗਈ ਹੈ ਤੇ ਹੋਏ ਸਰਕਾਰ ਦੇ ਫੈਸਲੇ ਜਾਣਕਾਰੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਕਾਰ ਵੱਲੋਂ ਵੀ.ਆਰ.3 ਸੜਕ ਵਿਚ ਪੈਂਦੇ ਪਿੰਡ ਮੁੱਲਾਂਪੁਰ ਗਰੀਬਦਾਸ, ਧਨੌੜਾ, ਚਾਹੜ ਮਾਰਾ ਅਤੇ ਰਤਵਾੜਾ ਸਬ-ਤਹਿਸੀਲ ਮਾਜਰੀ, ਤਹਿਸੀਲ ਖਰੜ ਵਿਖੇ ਮਾਸਟਰ ਪਲਾਨ ਅਨੁਸਾਰ 200 ਫੁੱਟ ਚੌੜੀ ਵੀ.ਆਰ. 3 ਸੜਕ ਦੀ ਐਕਸਪਰਟ ਗਰੁੱਪ ਪਾਸੋਂ ਸਮਾਜਿਕ ਪ੍ਰਭਾਵ ਮੁਲਾਂਕਣ ਪੂਰਾ ਹੋ ਚੁੱਕਾ ਹੈ ਅਤੇ ਉਸ ਨੂੰ ਸਰਕਾਰ ਪਾਸੋਂ ਹਰ ਪੱਖੋਂ ਵਿਚਾਰਨ ਤੇ ਐਕਸਪਰਟ ਗਰੁੱਪ ਦੇ ਦਿੱਤੇ ਸਿਫਾਰਿਸ਼ਾਂ ਨੂੰ ਮੰਨ ਲਿਆ ਹੈ। ਐਕਸਪਰਟ ਗਰੁੱਪ ਦੀਆਂ ਸਿਫਾਰਿਸ਼ਾਂ ਇਸ ਤਰ੍ਹਾਂ ਹਨ:-

ਸਿਫਾਰਸ਼ਾਂ:-

1) ਐਕਸਪਰਟ ਗਰੁੱਪ ਦੀ ਇਹ ਰਾਏ ਹੈ ਕਿ ਤਜਵੀਜਤ ਭੌਂ, ਭੂਮੀ ਗ੍ਰਹਿਣ ਦਾ ਕਾਰਜ ਭੂਮੀ ਗ੍ਰਹਿਣ ਵਿੱਚ ਸਹੀ ਮੁਆਵਜੇ ਅਤੇ ਪਾਰਦਰਸ਼ਤਾ ਅਤੇ ਮੁੜਵਸੇਵੇਂ ਅਤੇ ਮੁੜਸਥਾਪਤੀ ਦਾ ਅਧਿਕਾਰ, ਕਾਨੂੰਨ 2013 ਦੇ ਸੈਕਸ਼ਨ 2(I)-e ਦੇ ਤਹਿਤ ਹੈ ਅਤੇ ਇਸ ਪ੍ਰੋਜੈਕਟ ਵਿਚ ਪੈਂਦੀ ਕੁੱਲ ਭੌਂ 24.9189 ਏਕੜ ਹੈ ਅਤੇ ਜਨਤਕ ਮੰਤਵ ਲਈ ਹੈ।
2) ਕਮੇਟੀ ਦੀ ਐਸ.ਆਈ.ਏ. ਦੀ ਰਿਪੋਰਟ ਨੂੰ ਹਰ ਪੱਖੋਂ ਵਿਚਾਰਨ ਉਪਰੰਤ ਜਿਸ ਵਿੱਚ ਦੱਸੇ ਗਏ ਬਦਲਵੇਂ ਤੱਥਾਂ ਬਾਰੇ ਜਿਕਰ ਕੀਤਾ ਹੈ, ਦਾ ਇਸ ਭੌਂ ਤੋਂ ਇਲਾਵਾ ਹੋਰ ਕੋਈ ਬਦਲਵਾਂ ਪ੍ਰਬੰਧ ਨਹੀਂ ਹੈ।
3) ਕਮੇਟੀ ਵੱਲੋਂ ਉਕਤ ਭੌਂ ਦੇ ਮਾਸਟਰ ਪਲਾਨ ਅਨੁਸਾਰ ਤਜਵੀਜਤ ਭੌਂ ਦੀ ਪਲਾਨਿੰਗ ਦੇਖੀ ਗਈ ਹੈ ਅਤੇ ਜਿਸ ਮੰਤਵ ਲਈ ਇਹ ਭੌਂ ਪ੍ਰਾਪਤ ਕੀਤੀ ਜਾਣੀ ਹੈ, ਉਸ ਲਈ ਪ੍ਰਾਪਤ ਕੀਤੇ ਜਾਣ ਵਾਲੀ ਭੌਂ ਦਾ ਰਕਬਾ ਘੱਟੋਂ-ਘੱਟ ਹੈ।
4) ਇਸ ਸਕੀਮ ਦੇ ਸੰਭਾਵੀ ਲਾਭ ਸਮਾਜਿਕ ਕੀਮਤ ਅਤੇ ਸਮਾਜਿਕ ਪ੍ਰਭਾਵ ਨੂੰ ਭਾਰੀ ਹੁੰਦੇ ਹਨ।

ਭੌਂ ਪ੍ਰਾਪਤੀ ਕੁਲੈਕਟਰ

ਪਿੱਠ ਅੰਕਣ ਨੰ: 3१९५१

ਮਿਤੀ: ०५-०६-२०१९

ਉਪਰੋਕਤ ਦਾ ਉਤਾਰਾ:-

1) ਉਪ ਮੰਡਲ ਮੈਜਿਸਟ੍ਰੇਟ, ਖਰੜ ਨੂੰ ਭੇਜ ਕਿ ਲਿਖਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਜੋ ਸਿਫਾਰਸ਼ਾਂ ਮੰਨੀਆਂ ਹਨ ਨੂੰ ਪ੍ਰਭਾਵਿਤ ਖੇਤਰ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ।
2) ਇਹ ਸਿਫਾਰਸ਼ਾਂ ਸਿਸਟਮ ਮੈਨੇਜਰ, ਆਈ.ਟੀ ਗਮਾਡਾ ਨੂੰ ਵੀ ਵੈੱਬਸਾਈਟ ਤੇ ਅਪਲੋਡ ਕਰ ਦਿੱਤੀਆਂ ਜਾਣ।

ਭੌਂ ਪ੍ਰਾਪਤੀ ਕੁਲੈਕਟਰ

Scanned by CamScanner